# ਕੀ! ਰੱਬ ਦਾ ਕੋਈ ਸਪੈਸ਼ਲ ਦਰਬਾਰ/ਦਰਗਾਹ ਹੈ? ?




## . ਸਵਾਲ? ? ?

- ਕੀ! 'ਕਾਦਰ, ਕਰਤੇ, ਕਰਤਾਰ, ਰੱਬ, ਵਾਹਿਗੁਰੂ' ਜੀ ਦਾ ਕੋਈ ਸਪੈਸ਼ਲ 'ਦਰਬਾਰ ਜਾਂ ਦਰਗਾਹ' ਹੈ? ? ? ? ? ?
- ਜਿਥੇ ਬੈਠ ਕੇ 'ਰੱਬ ਜੀ' ਚਾਰੇ ਖਾਣੀਆਂ ਦੇ ਜੀਵਾਂ ਦਾ ਲੇਖਾ-ਜੋਖਾ, ਹਿਸਾਬ-ਕਿਤਾਬ ਕਰਦਾ ਹੈ? ? ? ? ?
- ਜੀਵਾਂ ਨੂੰ ਉਹਨਾਂ ਦੇ ਚੰਗੇ-ਮਾੜੇ ਕਰਮਾਂ ਦੇ ਅਨੁਸਾਰ 'ਸਵੱਰਗ ਜਾਂ ਨਰਕ' ਦਿੰਦਾ ਹੈ।
- ਸੁੱਖ ਜਾਂ ਸਜ਼ਾਵਾਂ ਦਿੰਦਾ ਹੈ।
- ਮਾੜੇ ਚੰਗੇ ਕਰਮਾਂ ਦੇ ਅਨੁਸਾਰ ਮਨੁੱਖ ਨੂੰ ਹੋਰ ਜੀਵ-ਜੂਨੀਆਂ ਭੋਗਣ/ਭੁਗਤਣ ਦੇ ਚੱਕਰਾਂ ਵਿੱਚ ਪਾ ਦਿੰਦਾ ਹੈ।

## . ਸਵਾਲ? ? ?

- ਹੋਰ ਅਲੱਗ-ਅਲੱਗ ਜੀਵ-ਜੋਨੀਆਂ ਵਿੱਚ ਸਜ਼ਾ ਭੋਗਣ/ਭੁਗਤਣ ਦਾ ਫਲਸ਼ਫਾ ਕੇਵਲ ਮਨੁੱਖ ਸਮਾਜ ਵਿੱਚ ਹੀ ਕਿਉਂ ਹੈ? ? ? ?

- ਹੋਰਨਾਂ ਖਾਣੀਆਂ ਦੇ ਜੀਵ ਤਾਂ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣਾ ਜੀਵਨ ਜਿਉਂਦੇ ਵਿਖਾਈ ਦੇ ਰਹੇ ਹਨ।
- ਸੂਰ, ਚਿੱਕੜ ਵਿੱਚ ਲਿੱਟ ਕੇ ਆਪਣੇ ਜੀਵਨ ਦਾ ਅਨੰਦ ਲੈ ਰਿਹਾ ਹੈ।
- ਕਾਂ, ਬਿੱਸਟਾ ਦੇ ਢੇਰ ਉੱਪਰ ਬੈਠਾ ਅਨੰਦ ਲੈ ਰਿਹਾ ਹੈ। (ਮਨੁੱਖ ਇਸਨੂੰ ਭਾਵੇਂ ਨਾਪਸੰਦ ਕਰਦਾ ਹੈ)
- ਪਸ਼ੂ, ਜੰਗਲਾਂ ਬੇਲਿਆਂ ਵਿੱਚ ਘਾ-ਫੂਸ ਖਾ ਕੇ ਆਪਣਾ ਪੇਟ ਭਰਕੇ ਅਨੰਦ ਵਿੱਚ ਰਹਿੰਦੇ ਹਨ।
- ਪੰਛੀ, ਆਪਣਾ ਚੋਗਾ ਚੁੱਗ ਕੇ ਪੇਟ ਭਰ ਲੈਂਦੇ ਹਨ, ਅਨੰਦ ਨਾਲ ਖੁੱਲੇ ਅਕਾਸ਼ਾਂ ਵਿੱਚ ਉਡਾਰੀਆਂ ਮਾਰਦੇ ਹਨ।
- **ਸਿਵਾਏ ਮਨੁੱਖ ਦੇ ਹੋਰ ਕੋਈ ਵੀ ਜੀਵ, ਮਨੁੱਖ ਵਾਂਗ ਪਰੇਸ਼ਾਨ ਦੁੱਖੀ, ਉਲਝਿਆ, ਗਵਾਚਿਆ ਵਿਖਾਈ ਨਹੀਂ ਦੇ ਰਿਹਾ।**

## . . ਸਵਾਲ? ? ?

. ਇਹ ਮਨੁੱਖ ਹੀ ਕਿਉਂ? ? . . . . . . ਏਨ੍ਹੇ ਜੰਜਾਲਾਂ, ਪਰੇਸ਼ਾਨੀਆਂ, ਮੁਸ਼ਕਲਾਂ, ਉੱਲਝਨਾਂ, ਮਸਲਿਆਂ, ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ ਵਿੱਚ ਉਲਝਿਆ ਗਵਾਚਿਆ ਹੋਇਆ ਹੈ? ? ? ? ? ? ?

. ਮਨੁੱਖ ਹੀ ਕਿਉਂ? ? . . . . . . . ਪੂਰਬ, ਪੂਰਬਲੇ, ਪੁਨਰ ਜਨਮ, ਪਿੱਛਲੇ ਜਨਮ ਦੇ ਚੱਕਰਾਂ ਵਿੱਚ ਪਿਆ ਹੋਇਆ ਹੈ? ? ? ?

. ਮਨੁੱਖ ਹੀ ਕਿਉਂ? ? ? . . . . ਮਾੜੇ-ਚੰਗੇ ਕਰਮਾਂ ਦੇ ਚੱਕਰਾਂ ਵਿੱਚ ਕਾਂ, ਸੱਪ, ਗਧੇ-ਘੋੜੇ, ਸੂਰ-ਕੁੱਤੇ ਆਦਿ ਜੂਨੀਆਂ ਵਿੱਚ ਜੂਨੀਆਂ ਭੋਗਣ ਦੀ ਗੱਲ ਕਰਦਾ ਹੈ। ? ? ? ? ?

. ਮਨੁੱਖ ਹੀ ਕਿਉਂ? ? ? . . .'ਧਾਰਮਿੱਕ ਕੱਟੜਤਾ' ਵਿੱਚ ਵਿਸਵਾਸ਼ ਕਰਦਾ ਹੈ? ?

. ਮਨੁੱਖ ਨੇ ਹੀ ਕਿਉਂ? ? ? . . .

- ਦੂਸਰੇ ਜੀਵਾਂ ਦਾ ਜਿਉਂਣਾ ਦੁੱਬਰ/ਮੁਹਾਲ/ਭੈੜਾ ਕੀਤਾ ਹੋਇਆ ਹੈ।

- ਕਦੇ ਜ਼ਮੀਨ ਉੱਪਰ ਕਿਸੇ ਨੂੰ ਮਾਰੀ ਜਾ ਰਿਹਾ ਹੈ। ਕਦੇ ਸਮੁੱਦਰ ਵਿੱਚ ਮਨਮਰਜ਼ੀ ਕਰੀ ਜਾ ਰਿਹਾ ਹੈ।
- ਆਪਣੀ ਮਨੁੱਖ ਜ਼ਾਤੀ ਦੀਆਂ ਮਾਦਾਵਾਂ ਨਾਲ ਹੀ ਬਲਾਤਕਾਰ ਕਰਕੇ, ਜਿਉਂਦੇ ਜੀਅ ਉਹਨਾਂ ਨੂੰ ਪੈਟਰੋਲ ਪਾ ਕੇ ਜਲਾਈ ਜਾ ਰਿਹਾ ਹੈ/ਸਾੜੀ ਜਾ ਰਿਹਾ ਹੈ।
- ਕਦੇ ਸਮੁੱਦਰ ਵਿੱਚ ਪਾਣੀ ਦੇ ਜੀਵਾਂ ਨੂੰ ਆਪਣੇ ਬਿਜ਼ਨੈਸ ਲਈ ਪਕੜੀ ਜਾ ਰਿਹਾ ਹੈ, ਜ਼ਿਬਾਹ ਕਰੀ ਜਾ ਰਿਹਾ ਹੈ, ਮਾਰੀ ਜਾ ਰਿਹਾ ਹੈ।
- ਫਿਰ ਭੀ ਮਨੁੱਖ ਦੀ ਦੌੜ-ਭੱਜ ਦਾ ਕੋਈ ਅੰਤ ਵਿਖਾਈ ਨਹੀਂ ਦੇ ਰਿਹਾ। ਮਨੁੱਖ ਨਾ-ਖੁਸ਼ ਹੈ, ਪਰੇਸ਼ਾਨ ਹੈ, ਘਬਰਾਇਆ ਹੋਇਆ ਹੈ, ਗੁਆਚਿਆ ਹੈ, . . . . ਪਤਾ ਨਹੀਂ ਕੀ ਕੀ ਕਰਨਾ ਚਹੁੰਦਾ ਹੈ. . . ਮਨੁੱਖ ਨੂੰ ਖ਼ੁਦ ਨੂੰ ਨਹੀਂ ਪਤਾ।

ਇਸ ਸੰਸਾਰ ਵਿੱਚ "ਕੁੱਦਰਤੀ-ਸ਼ਕਤੀਆਂ (ਅੱਗ-ਪਾਣੀ-ਹਵਾ) "ਨੂੰ ਕੁੱਝ ਹੱਦ ਤੱਕ ਆਪਣੇ ਕੰਟਰੋਲ ਵਿੱਚ ਕਰਕੇ ਇਹਨਾਂ ਸ਼ਕਤੀਆਂ ਦੀ ਸੁਵਰਤੋਂ ਕਰ ਰਿਹਾ ਹੈ। ਬਾਕੀ ਹੋਰ ਬਹੁਤ ਕੁੱਝ ਮਨੁੱਖ ਨੇ ਆਪਣੇ ਕੰਟਰੋਲ ਵਿੱਚ ਕੀਤਾ ਹੋਇਆ ਹੈ। ਉਸਦੀ ਸੁਵਰਤੋਂ ਅਤੇ ਦੁਰਵਰਤੋਂ ਵੀ ਮਨੁੱਖ ਵਲੋਂ ਕੀਤੀ ਜਾ ਰਹੀ ਹੈ। ਮਨੁੱਖ ਮਨ-ਮਰਜ਼ੀ ਕਰੀ ਜਾ ਰਿਹਾ ਹੈ।

. ਕੱਟੜ-ਧਾਰਮਿੱਕ ਬਿਰਤੀ ਵਾਲੇ ਮਨੁੱਖਾਂ ਅਤੇ ਬ੍ਰਾਹਮਣ ਪੂਜਾਰੀ ਬਿੱਰਤੀ ਵਰਗ ਦੇ ਲੋਕਾਂ ਦਾ ਇਹ ਠੋਸ ਮੰਨਣਾ ਹੈ,
ਹਾਂ! ! ਐਸੀ ਕੋਈ ਜਗਹ/ਦਰਗਹ ਹੈ, ਜਿਥੇ ਮਨੁੱਖਾਂ ਦੇ ਕਰਮਾਂ ਦਾ ਹਿਸਾਬ-ਕਿਤਾਬ, ਲੇਖਾ-ਜੋਖਾ ਕੀਤਾ ਜਾਂਦਾ ਹੈ।
****** (ਮਨੁੱਖ ਤੋਂ ਸਿਵਾਏ, ਚਾਰੇ ਖਾਣੀਆਂ ਦੇ ਬਾਕੀ ਜੀਵਾਂ ਦਾ ਲੇਖਾ-ਜੋਖਾ, ਹਿਸਾਬ-ਕਿਤਾਬ ਕਿਥੇ ਹੁੰਦਾ ਹੋਵੇਗਾ? ? ? ,
. . . . . . . . ਅਗਰ ਜੀਵਾਂ ਦਾ ਕੋਈ ਲੇਖਾ-ਜੋਖਾ, ਹਿਸਾਬ-ਕਿਤਾਬ ਹੁੰਦਾ ਹੈ ਤਾਂ।)

### ਮਨੁੱਖਾ ਸਮਾਜ ਵਿੱਚ ਬਹੁਤ ਸਾਰੇ ਧਰਮਾਂ/ਮਜ਼ਹਬਾਂ ਅਤੇ ਬਹੁਤ ਸਾਰੇ ਮਨੁੱਖਾ ਦਾ ਇਹ ਮੰਨਣਾ ਹੈ, ਐਸੀ ਕੋਈ ਨਾ ਕੋਈ ਜਗਹ ਜਰੂਰ ਹੈ, ਜਿਥੇ ਮਨੁੱਖਾਂ ਦਾ ਕਰਮਾਂ ਦਾ ਹਿਸਾਬ-ਕਿਤਾਬ ਹੁੰਦਾ ਹੈ। ਉਹਨਾਂ ਦਾ ਇਹ ਵਿਸ਼ਵਾਸ ਹੈ ਬਹੁਤ ਦ੍ਰਿੜ, ਤਾਂ ਹੀ ਤਾਂ ਪੂਜਾਰੀ ਵਰਗ ਲੋਕਾਂ ਨੂੰ ਡਰਾਉਂਦਾ ਹੈ।

. ਜਿਸ ਨੂੰ 'ਧਰਮਰਾਜ, ਧਰਮਰਾਇ' ਦਾ ਦਰਬਾਰ/ਦਰਗਹ ਕਿਹਾ ਜਾਂਦਾ ਹੈ।
. ਜਿਥੇ ਧਰਮਰਾਇ ਦੇ ਦਰਬਾਰੀ-ਕਰਮਚਾਰੀ, ਮਨੁੱਖਾਂ/ਲੋਕਾਂ ਦੇ ਕੀਤੇ ਮਾੜੇ ਚੰਗੇ ਕਰਮਾਂ ਦੇ ਵਹੀ ਖਾਤਿਆਂ ਦੀ ਪੜਚੋਲ ਕਰਦੇ ਹਨ ਅਤੇ ਫਿਰ ਉਹਨਾਂ ਕੀਤੇ ਕਰਮਾਂ ਦੇ ਅਨੁਸਾਰੀ ਹੀ ਮਨੁੱਖ ਨੂੰ

ਉਸਦੀ ਅੱਗਲੀ ਜੂਨੀ ਵਿੱਚ ਭੇਜਿਆ ਜਾਂਦਾ ਹੈ। ਜਾਂ ਚੰਗੇ ਕੀਤੇ ਕਰਮਾਂ ਕਰਕੇ 'ਸਵੱਰਗ' ਵਿੱਚ ਭੇਜ ਦਿੱਤਾ ਜਾਂਦਾ ਹੈ।
, ਹੈ ਨਾ ਕਿੰਨੀ ਹਾਸੋ ਹੀਣੀ ਸੋਚ. . . . . ।
ਖ਼ੈਰ! ! ! ਧਾਰਮਿੱਕ ਬਿੱਰਤੀ ਵਾਲੇ ਬਹੁਤ ਸਾਰੇ ਮਨੁੱਖ ਇਸੇ ਤਰਾਂ ਦੀ ਹੀ ਸੋਚ ਰੱਖਦੇ ਹਨ।

## . ਦਰਬਾਰ/ਦਰਗਾਹ। ਕਚਹਿੱਰੀ/ਕੋਰਟ। ਸਵੱਰਗ-ਨਰਕ:

. ਜਿਥੇ ਹਰ ਅਲੱਗ-ਅਲੱਗ ਧਰਮ ਦੇ ਮੰਨਣ ਵਾਲੇ ਲੋਕਾਂ ਨੂੰ ਉਹਨਾਂ ਦੁਆਰਾ ਕੀਤੇ ਚੰਗੇ ਮਾੜੇ ਕਰਮਾਂ ਨੂੰ ਟਟੋਲਦੇ, ਵਾਚਦੇ, ਵੇਖਦੇ, ਚੰਗੇ ਕਰਮਾਂ ਵਾਲਿਆਂ ਨੂੰ 'ਸੁੱਖ ਅਤੇ ਸਵੱਰਗ' ਅਤੇ ਮਾੜੇ /ਮੰਦੇ ਭੈੜੇ ਕਰਮਾਂ ਵਾਲਿਆਂ ਨੂੰ 'ਨਰਕ, ਦੁੱਖ ਤਕਲੀਫਾਂ ਅਤੇ ਹੋਰ ਸਜ਼ਾਵਾਂ' ਦਿੱਤੀਆਂ ਜਾਂਦੀਆਂ ਹਨ।
. ਮਾੜੇ, ਭੈੜੇ, ਮੰਦੇ ਕਰਮਾਂ ਵਾਲਿਆਂ ਨੂੰ ਹੋਰ ਦੂਸਰੀਆਂ ਜੋਨੀਆਂ (ਭਾਵ: ਕਾਂ, ਸੱਪ, ਗਧਾ, ਘੋੜਾ, ਹਾਥੀ, ਸੂਰ, ਕਿਰਲੀ, ਬਿੱਛੂ, ਠੂਆਂ ਆਦਿ ਆਦਿ. . .) ਭੋਗਣੀਆਂ ਪੈਂਦੀਆਂ ਹਨ।

. . ਕੁੱਝ ਲੋਕਾਂ ਦਾ ਮੰਨਣਾ ਹੈ 'ਰੱਬ' ਨੇ ਜਰੂਰ ਕਿਤੇ ਨਾ ਕਿਤੇ ਐਸੀ ਦਰਗਹ ਜਰੂਰ ਬਣਾਈ ਹੋਏਗੀ, ਜਿਥੇ ਲੋਕਾਂ ਦੇ ਕੀਤੇ ਕਰਮਾਂ ਦਾ ਹਿਸਾਬ-ਕਿਤਾਬ ਹੁੰਦਾ ਹੈ।

. . ਨਹੀਂ ਜੀ! ! ਐਸੀ ਕੋਈ ਵੀ ਜਗਹ ਦੂਰ ਤੱਕ ਆਕਾਸ਼ਾ ਵਿੱਚ ਵੀ ਨਹੀਂ ਹੈ। ਜੋ ਕੁੱਝ ਹੈ, ਇਸੇ ਦੁਨੀਆਂ ਵਿਚ ਹੀ ਹੈ। ਨਾ ਕੋਈ ਸਵੱਰਗ ਹੈ ਅਤੇ ਨਾ ਹੀ ਕੋਈ ਨਰਕ ਹੈ। "ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨੁ ਦੋਊ ਰਾਦੇ"॥ ਬਾਬਾ ਕਬੀਰ ਜੀ॥ 969॥

. . ਜੋ ਵੀ ਜੀਵ (ਚਾਹੇ ਮਨੁੱਖ ਜਾਂ ਕੋਈ ਹੋਰ ਜੀਵ) ਇੱਕ ਵਾਰ ਇਸ ਸੰਸਾਰ ਨੂੰ ਛੱਡ ਕੇ ਚਲਾ ਗਿਆ ਹੈ, ਚਾਹੇ ਉਹ ਕੋਈ ਵਲੀ, ਗੁਰੂ, ਪੀਰ, ਔਲੀਆ, ਪੈਗੰਬਰ, ਅਵਤਾਰ ਸੀ ......

. . ਕਿਸੇ ਹੋਰ ਬਾਹਰਲੀ ਦੁਨੀਆ ਦੀ, ਦਰਬਾਰ/ਦਰਗਾਹ ਦੀ ਕਚਹਿੱਰੀ/ਕੋਰਟ ਦੀ ਖ਼ਬਰਸਾਰ ਦੇਣ ਲਈ ਅੱਜ ਤੱਕ ਵਾਪਸ ਮੁੜ ਕੇ ਨਹੀਂ ਆਇਆ।

. ਸਾਡੇ ਮਨੁੱਖਾ ਸਮਾਜ ਵਿੱਚ ਇਹ ਬਿੱਪਰ-ਪੂਜਾਰੀ ਵਲੋਂ ਕੁੱਝ ਝੂਠੀਆਂ ਮਨੋਕਲਪਿੱਤ ਸਵੱਰਗ-ਨਰਕ ਦੀਆਂ ਕਥਾ-ਕਹਾਣੀਆਂ ਫੈਲਾਅ ਦਿੱਤੀਆਂ ਗਈਆਂ ਹਨ, ਘੜ ਦਿੱਤੀਆਂ ਗਈਆਂ ਹਨ, ਕਿ ਦੂਰ ਕਿਤੇ ਆਕਾਸ਼ਾਂ ਵਿੱਚ ਧਰਮਰਾਇ/ਧਰਮਰਾਜ ਬੈਠਾ ਸਾਰੇ ਦੁਨੀਆਂ ਜੀਵਾਂ ਦਾ ਲੇਖਾ-ਜੋਖਾ, ਹਿਸਾਬ-ਕਿਤਾਬ ਕਰਦਾ ਹੈ, ਵੇਖਦਾ ਹੈ। ਮਨੁੱਖਾਂ ਦੁਆਰਾ ਕੀਤੇ ਜਾਂਦੇ ਹਰ ਕਰਮ ਦੀ ਦੇਖ ਰੇਖ ਕਰਦਾ ਹੈ। ਹਰ ਵਕਤ ਉਸਦੀ ਨਜ਼ਰ ਮਨੁੱਖਾਂ ਦੁਆਰਾ ਕੀਤੇ ਜਾ ਰਹੇ ਕਰਮਾਂ ਉੱਪਰ ਰਹਿੰਦੀ ਹੈ।

. . ਬਹੁਤ ਸਾਰੇ ਗੁਰਸਿੱਖ ਵੀਰ ਭੈਣ 'ਗੁਰਬਾਣੀ' ਵਿੱਚ ਵਰਤੇ ਲਫ਼ਜ਼ 'ਦਰਗਹ/ਦਰਬਾਰ' ਕਰਕੇ ਦੁਬਿੱਧਾ ਦਾ ਸ਼ਿਕਾਰ ਹੋ ਜਾਂਦੇ ਹਨ।

** ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਮ1॥ 25॥

. **ਅਤਿ ਊਚਾ ਤਾ ਕਾ ਦਰਬਾਰਾ॥ ਮ5॥ 562॥**

** ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥. ਮ 1॥ ਪੰਨਾ 579 ਸਤਰ

** ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥੧॥ ਮ5॥ ਪੰਨਾ 380॥

** ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥ ਮ1॥ ਪੰਨਾ 418॥

**** ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ

॥੫॥੨॥

. ਬਾਬਾ ਭਗਤ ਤ੍ਰਿਲੋਚਨ ਜੀ ਦਾ ਇਹ ਸਬਦ ਪੰਨਾ 526 ਉੱਪਰ ਹੈ। ਇਸ ਦੀ ਰਹਾਉ ਦੀ ਪੰਕਤੀ ਹੈ, ( "ਅਰੀ ਬਾਈ ਗੋਬਿੰਦ ਨਾਮ ਮਤਿ ਬੀਸਰੈ"। ਰਹਾਉ)॥ ਹੇ ਮੇਰੀ ਸਖੀ ਭੈਣ, ਗੋਬਿੰਦ/ਅਕਾਲ-ਪੁਰਖੀ, ਨਾਮ, ਨਾਮਣੇ, ਨਿਯਮ, ਅਸੂਲ, ਸਿਧਾਂਤ, ਗੁਣਾਂ ਨੂੰ ਵਿਸਾਰਨਾ ਨਾ ਕਰ, ਹਮੇਸ਼ਾ ਆਪਣੇ ਚੇਤੇ ਵਿੱਚ ਰੱਖਣਾ ਕਰਿਆ ਕਰ।

. ਬਾਕੀ 'ਸਬਦ' ਦੇ ਪਦੇ ਇਸੇ ਕੇਂਦਰੀ ਭਾਵ ਦੀ ਪ੍ਰੜਿਤਾ ਕਰਦੇ ਉਦਾਹਰਨਾਂ ਹਨ, ਹਵਾਲੇ ਹਨ, ਪ੍ਰਮਾਣ ਹਨ।

. ਅਗਰ ਮਨੁੱਖ ਨੇ ਸਤੋ-ਗੁਣੀਂ ਸਚਿਆਰਤਾ ਵਾਲੇ ਗੁਣਾਂ ਅਨੁਸਾਰ ਆਪਣਾ ਜੀਵਨ ਜਿਉਂਣਾ ਨਹੀਂ ਕੀਤਾ ਤਾਂ ਮਨੁੱਖ ਜੀਵਨ ਵਿੱਚ ਵੀ ਇਹਨਾਂ ਉਦਾਹਰਨਾਂ/ਹਵਾਲਿਆਂ/ ਪ੍ਰਮਾਣਾਂ/ਵੇਰਵਿਆਂ ਵਾਲਾ ਜੀਵਨ ਹੋਵੇਗਾ।

** ਇਸ ਸਬਦ ਦੇ ਅਰਥਾਂ ਦੇ ਅਨਰਥ ਕਰਕੇ ਲੋਕਾਈ ਨੂੰ ਭੰਬਲਭੂਸੇ ਵਿੱਚ ਪਾ ਦਿੱਤਾ ਗਿਆ ਹੈ। ਬਹੁਤੇ ਵੀਰ ਭੈਣ ਟਕਸਾਲੀ ਅਰਥਾਂ ਨੂੰ ਹੀ ਬਿਨਾਂ ਸੋਚੇ ਸਮਝੇ ਪ੍ਰਵਾਨ ਕਰਕੇ ਬੈਠੈ ਹਨ।

. ਟਕਸਾਲੀ ਡੇਰੇਦਾਰ ਸਾਧੜੇ ਬ੍ਰਾਹਮਣੀ ਵਿਚਾਰਧਾਰਾ ਵਾਲੇ ਗਰੰਥੀ, ਅਨਪੜ੍ਹ ਅਗਿਆਨੀ ਜਨਤਾ, ਸਾਰੇ ਹੀ ਬਿਨਾਂ ਸੋਚੇ ਸਮਝੇ ਇਸੇ ਡਰਾਉਣ ਵਾਲੀ ਧਾਰਮਿੱਕ ਸੋਚ ਦੇ ਅਨੁਸਾਰੀ ਚੱਲੇ ਜਾ ਰਹੇ ਹਨ। ਅਗਰ ਆਹ ਨਾ ਕੀਤਾ. . . ਅਗਰ ਉਹ ਨਾ ਕੀਤਾ ਤਾਂ ਤੁਸੀਂ ਅਲੱਗ-ਅਲੱਗ ਜੂਨੀਆਂ ਵਿੱਚ ਜਾਉਗੇ। ਜਨਮ ਲੈਣਾ ਪਵੇਗਾ।

**. ਸਵਾਲ: ਕੇਵਲ ਮਨੁੱਖ ਹੀ ਇਹਨਾਂ ਜੂਨੀਆਂ ਵਿੱਚ ਕਿਉਂ ਜਾ ਰਿਹਾ ਹੈ? ? ?

*** ਕੀ ਬਾਕੀਆਂ ਜੂਨੀਆਂ ਵਿਚੋਂ ਜੀਵ. . ਮਨੁੱਖ ਨਹੀਂ ਬਣਦੇ? ? ? ?

** ਬ੍ਰਾਹਮਣੀ ਵਿਚਾਰਧਾਰਾ ਅਨੁਸਾਰ 84 ਲਖ ਜੂਨੀਆਂ ਹਨ। 1 (ਇੱਕ) ਮਨੁੱਖ ਦੀ ਜੂਨੀ ਘੱਟ ਕਰਕੇ ਬਾਕੀ 8399999 ਰਹਿ ਗਈਆਂ।

. ਇਹਨਾਂ ਜੂਨੀਆਂ ਵਿਚੋਂ ਜੀਵ ਆਪਣਾ ਪੂਰਾ ਜੀਵਨ ਜਿਉਂਣਾ ਕਰਕੇ, ਮਰਨ ਤੋਂ ਬਾਅਦ ਕਦੇ ਮਨੁੱਖਾ ਜੂਨੀ ਵਿੱਚ ਨਹੀਂ ਆਉਂਦੇ? ?

. ਅਉਂਦੇ ਹੋਣਗੇ, . . . ਜਰੂਰ ਆਉਂਦੇ ਹੋਣਗੇ।

. ਕੀ ਕਦੇ ਕਿਸੇ ਮਨੁੱਖ ਨੇ ਇਹ ਦੱਸਿਆ ਕਿ ਉਹ ਸਮੁੰਦਰ ਵਿੱਚ ਰਹਿੰਦਾ ਸੀ, ਫਲਾਣੀ ਜੂਨੀ ਵਿਚੋਂ ਆਇਆ ਹੈ।

. ਕੀ ਕਦੇ ਕਿਸੇ ਮਨੁੱਖ ਨੇ ਇਹ ਦੱਸਿਆ ਕਿ ਉਹ ਕੇਕੜਿਆਂ ਦੀ ਜੂਨੀ ਭੋਗਕੇ ਮਨੁੱਖ ਬਣਿਆ ਹੈ।

. ਕੀ ਕਦੇ ਕਿਸੇ ਮਨੁੱਖ ਨੇ ਇਹ ਦੱਸਿਆ ਕਿ ਉਹ ਗਟਰ ਦੇ ਕੀੜੇ ਦੀ ਜੂਨੀ ਭੋਗ ਕੇ ਮਨੁੱਖ ਬਣਿਆ ਹੈ।

. ਕੀ ਕਦੇ ਕਿਸੇ ਮਨੁੱਖ ਨੇ ਦੱਸਿਆ ਕਿ ਉਹ ਪਿਛਲੇ ਜਨਮ ਵਿੱਚ ਗਿਰਝ ਸੀ, ਹੁਣ ਉਹ ਮਨੁੱਖ ਬਣ ਗਿਆ ਹੈ।

. ਕੀ ਕਦੇ ਕਿਸੇ ਮਨੁੱਖ ਨੇ ਆ ਕੇ ਦੱਸਿਆ ਕਿ ਉਹ ਪਿੱਛਲੇ ਜਨਮ ਵਿੱਚ ਮੱਗਰਮੱਛ ਸੀ। ਸ਼ੇਰ ਸੀ। ਉਸ ਨੇ ਕੋਈ ਜੀਵ ਹੱਤਿਆ ਨਹੀਂ ਕੀਤੀ। ਇਸ ਲਈ ਉਸਨੂੰ ਮਨੁੱਖਾ ਜਨਮ ਮਿਲਿਆ ਹੈ। ਹੁਣ ਮੈਂ ਕਦੀ ਵੀ ਕੋਈ ਹੱਤਿਆ ਨਹੀਂ ਕਰਾਂਗਾ।

. ਕੀ ਕਦੇ ਮਨੁੱਖ ਨੇ ਦੱਸਿਆ ਕਿ ਮੈਂ ਪਹਿਲਾਂ ਇੱਕ ਟਿੱਡਾ ਸੀ (ਕਰਿੱਕਟਰ) ਸੀ। ਸਾਨੂੰ ਅਰਬਾਂ-ਖਰਬਾਂ ਦੀ ਗਿਣਤੀ ਵਿੱਚ ਪੈਦਾ ਕਰਾਕੇ, ਫਿਰ ਸਾਡਾ ਆਟਾ ਬਣਾ ਦਿੱਤਾ ਜਾਂਦਾ ਸੀ/ਹੈ। ਮਨੁੱਖ ਸਾਡੇ ਸਰੀਰ ਤੋਂ ਬਣੇ ਆਟੇ ਨੂੰ ਆਪਣੀ ਸਿਹਤ ਦੀ ਤੰਦਰੁਸਤੀ ਲਈ ਵਰਤਦੇ ਹਨ, ਖਾਂਦੇ ਹਨ।

. ਮਰਨ ਤੋਂ ਬਾਅਦ ਵਿੱਚ ਕਿੰਨੇ ਟਿੱਡੇ ਮਨੁੱਖ ਵੀ ਬਣਦੇ ਹੋਣਗੇ?




. . ਪਰਉਪਕਾਰੀ ਸੁਭਾਅ ਬਣਾ ਕੇ ਜਦ ਅਸੀਂ ਇਸ ਮਨੁੱਖਾ ਸਮਾਜ ਵਿਚ ਦੂਸਰਿਆਂ ਮਨੁੱਖਾਂ ਨਾਲ ਅਦਬ ਸਤਿਕਾਰ ਨਾਲ ਵਰਤ-ਵਰਤਾਰਾ ਕਰਾਂਗੇ, ਵਰਤਾਂਗੇ ਤਾਂ . . ਤਾਂ ਇਸੇ ਮਨੁੱਖਾ ਸਮਾਜ ਦੀਆਂ ਸਭਾਵਾਂ/ਇਕੱਠਾਂ ਵਿਚ ਸਾਡਾ ਮਾਣ ਸਤਿਕਾਰ ਹੋਣ ਲੱਗ ਜਾਂਦਾ ਹੈ। ਇਥੇ ਇਸੇ ਹੀ ਦੁਨੀਆ ਦੀ ਦਰਗਹ/ਦਰਬਾਰ ਵਿਚ ਉਸ ਮਨੁੱਖ ਦੇ ਕੀਤੇ

ਚੰਗੇ-ਮਾੜੇ ਕਰਮਾਂ ਦਾ ਹਿਸਾਬ-ਕਿਤਾਬ ਹੋਣ ਲੱਗ ਜਾਂਦਾ ਹੈ।



. . ਬੱਸ ਇਹ ਤਾਂ ਹਰ ਮਨੁੱਖ ਨੇ ਆਪਣੀ ਸੋਚ ਬਨਾਉਣੀ ਹੈ ਕਿ ਉਸਨੇ ਕਿਹੜੀ ਦਰਗਹ ਵਿਚ ਮਾਣ ਪਾਉਣਾ ਚਹੁੰਦਾ ਹੈ।
. . ਇਕ ਦਰਗਹ/ਦਰਬਾਰ ਇਹਨਾਂ ਮਨੁੱਖੀ ਅੱਖਾਂ ਦੇ ਸਾਹਮਣੇ ਹੈ, ਅਤੇ
. . ਦੂਜੀ ਸਿਰਫ ਖਿਆਲਾਂ ਵਿਚ, ਮਨੋਕਲਪਿੱਤ ਹੈ।
. . ਜਿਸਦੀ ਹੋਂਦ ਦਾ ਕੋਈ ਸਬੂਤ, ਕਦੇ ਕਿਸੇ ਮਨੁੱਖ ਨੇ ਕਿਸੇ ਦੇ ਸਾਹਮਣੇ ਨਹੀਂ ਲਿਆਂਦਾ, ਅਤੇ ਨਾ ਹੀ ਕਦੇ ਮਿਲ ਪਾਵੇਗਾ।

. . ਸੱਚੀ ਦਰਗਾਹ, ਇਸੇ ਸੰਸਾਰ ਵਿਚ 'ਸਚਿਆਰਤਾ' ਨਾਲ ਬਣ ਜਾਂਦੀ ਹੈ।
. . ਬੱਸ ਲੋੜ ਹੈ, ਆਪਣੇ ਆਪ ਵਿਚ 'ਸਚਿਆਰਤਾ' ਲਿਆਉਣ ਦੀ।
. .'ਰੱਬੀ ਗੁਣਾਂ' ਦੇ ਅਨੁਸਾਰੀ ਜੀਵਨ ਜਿਉਣ ਦੀ।
. .'ਰੱਬੀ ਗੁਣਾਂ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ।

. .'ਰੱਬੀ ਗੁਣ ਹਨ: ਸੱਚ, ਪਿਆਰ, ਮੁਹੱਬਤ, ਨਿਮਰਤਾ, ਪਵਿਤੱਰਤਾ, ਸਬਰ, ਸੰਤੋਖ, ਹਲੀਮੀ, ਕੋਮਲਤਾ, ਦਇਆਲਤਾ, ਸਹਿਜਤਾ, ਨਿਰਭਉਤਾ, ਨਿਰਵੈਰਤਾ, ਸਾਂਝੀਵਾਲਤਾ, ਪਰਉਪਕਾਰਤਾ,

... ਹੋਰ ਅਨੇਕਾਂ ਹੀ 'ਰੱਬੀ-ਗੁਣ' ਹਨ।

. ."ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥ ਮ4॥ 735॥

. ਕੁੱਦਰਤ ਦੇ ਬਣੇ/ਬਣਾਏ ਵਿੱਧੀ-ਵਿਧਾਨ ਦੇ ਅਨੁਸਾਰ ਇਹ ਸੰਸਾਰੀ ਸਿਸਟਿੱਮ ਚਲੀ ਜਾ ਰਿਹਾ ਹੈ। ਮਨੁੱਖ ਵੀ ਇਸੇ ਕਰਤਾਰੀ-ਸਿਸਟਿੱਮ ਦਾ ਹਿੱਸਾ ਹੈ।

. ਜੀਵਨ ਦੇ ਬਹੁਤ ਸਾਰੇ ਖਿੱਤਿਆਂ ਵਿਚ, ਬਹੁਤ ਸਾਰੇ ਕੰਮਾਂ ਵਿਚ, ਬਹੁਤ ਸਾਰੀਆਂ ਲੋੜਾਂ ਵਿੱਚ ਮਨੁੱਖ ਨੇ ਪਰਬੀਨਤਾ ਹਾਸਿਲ ਕਰ ਲਈ ਹੈ। ਤਰੱਕੀਆਂ ਦੀਆਂ ਬਹੁਤ ਮੱਲਾਂ ਮਾਰੀਆਂ ਹਨ। ਤਾਂ ਵੀ ਮਨੁੱਖ ਕੁੱਦਰਤ ਦਾ ਹੀ ਹਿੱਸਾ ਹੈ। ਕੁੱਦਰਤ ਦੇ ਉੱਲਟ ਨਹੀਂ ਜਾ ਸਕਦਾ।

ਇਸੇ ਸੰਸਾਰ ਵਿੱਚ ਰਹਿੰਦੇ ਹੀ ਆਪਣੇ ਕਰਮਾਂ/ਕੰਮਾਂ ਦਾ ਰੱਜਲਟ/ ਸਿੱਟਾ/ਫ਼ਲ ਭੁਗਤ ਲੈਂਦਾ ਹੈ।

. ਕੋਈ ਹੋਰ ਆਕਾਂਸ਼ਾਂ ਵਿੱਚ ਮਰਨ ਤੋਂ ਬਾਅਦ ਦੀ ਕਿਧਰੇ ਕੋਈ ਕਚਾਹਿੱਰੀ ਨਹੀਂ ਲੱਗਦੀ, ਨਾ ਹੀ ਕਿਧਰੇ ਪੇਸ਼ੀਆਂ ਹੁੰਦੀਆਂ ਹਨ।

. ਅਗਰ ਕਚਾਹਿਰੀਆਂ ਹੋਣਗੀਆਂ ਵੀ ਤਾਂ ਅੱਜ ਤੱਕ ਕਿਸੇ ਮਨੁੱਖ ਨੇ ਮਰਨ ਤੋਂ ਇਹ ਮੇਹਰਬਾਨੀ ਨਹੀਂ ਕੀਤੀ ਕੇ ਬਾਕੀ ਦੇ ਮਨੁੱਖਾਂ ਨੂੰ ਸਹੀ ਸਹੀ ਜਾਣਕਾਰੀ ਦੇ ਦੇਵੇ।

. ਕੁੱਦਰਤ ਦੇ ਵਿੱਧੀ ਵਿਧਾਨ ਵਿੱਚ ਮਨੁੱਖ ਲਈ ਕੋਈ ਸਪੈਸ਼ਲ ਛੋਟ ਨਹੀਂ ਹੈ। ਰੀਆਇਤ ਨਹੀਂ ਹੈ।

. ਮਨੁੱਖ ਨੂੰ ਇਹ ਭੁਲੇਖਾ ਹੈ ਕਿ ਉਸਨੇ 'ਕਰਤਾਰ, ਰੱਬ' ਨੂੰ ਪੇਟੈਂਟ ਕਰਵਾ ਲਿਆ ਹੈ। ਇਸ ਲਈ 'ਕਰਤਾਰ-ਰੱਬ' ਕੇਵਲ ਮਨੁੱਖ ਦੀ ਹੀ ਦੇਖਭਾਲ ਕਰਦਾ ਹੈ, ਮਨੁੱਖ ਦੀਆਂ ਅਰਦਾਸਾਂ ਬੇਨਤੀਆਂ ਜੋਦੜੀਆਂ ਲੇਲੜੀਆਂ ਪ੍ਰਵਾਨ ਕਰਦਾ ਹੈ।

.'ਅਕਾਲ-ਪੁਰਖ, ਕਰਤੇ-ਕਰਤਾਰ, ਰੱਬ' ਨੂੰ ਕੋਈ ਪੇਟੈਂਟ ਨਹੀਂ ਕਰਵਾ ਸਕਦਾ।

ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ
14 ਦਸੰਬਰ 2019